
ਜਮਾਤ -ਸੱਤਵੀਂ  ਪਾਠ-7 ਬਾਲ-ਖੇਡਾਂ

ਸਾਹਿਤ ਰੂਪ-ਕਵਿਤਾ  ਲੇਖਕ-ਮਨਮੋਹਨ ਸਿੰਘ ਦਾਊਂ

ਪ੍ਰਸ਼ਨ (ੳ) ਰਲ-ਮਿਲ ਕੇ ਭੋਲੇ-ਭਾਲੇ ਬੱਚੇ ਕੀ ਕਰਦੇ ਹਨ ?

ਉੱਤਰ- ਰਲ-ਮਿਲ ਕੇ ਭੋਲੇ-ਭਾਲੇ ਬੱਚੇ ਖੇਡਾਂ ਖੇਡਦੇ ਹਨ।



ਪਸ਼ਨ(ਅ) 'ਬਾਲ-ਖੇਡਾਂ' ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਬਾਲ ਖੇਡਾਂ ਦਾ ਜ਼ਿਕਰ ਆਇਆ ਹੈ?

ਉੱਤਰ- ਬਾਲ-ਖੇਡਾਂ ਕਵਿਤਾ ਵਿੱਚ ਲੁਕਣ-ਮੀਚੀ, ਕੋਟਲਾ-ਛਪਾਕੀ, ਕੂਕਾਂ-ਕਾਂਗੜੇ, ਕਬੱਡੀ, ਪਿੱਠੂ, ਪੀਚੋ, ਲੂਣ-ਮਧਾਣੀ,ਭੰਡਾ-ਭੰਡਾਰੀਆ ਆਦਿ ਬਾਲ ਖੇਡਾਂ ਦਾ ਜ਼ਿਕਰ ਆਇਆ ਹੈ।



ਪ੍ਰਸ਼ਨ (ੲ) ਕਵਿਤਾ ਅਨੁਸਾਰ ਕੁੜੀਆਂ ਕਿਹੜੀਆਂ ਬਾਲ-ਖੇਡਾਂ ਖੇਡਦੀਆਂ ਹਨ?

ਉੱਤਰ-ਕਵਿਤਾ ਅਨੁਸਾਰ ਕੁੜੀਆਂ ਰੱਸੀ-ਟੱਪਾ ਤੇ ਗੀਟੇ ਖੇਡਦੀਆਂ ਹਨ।



ਪ੍ਰਸ਼ਨ (ਸ) ਕਵੀ ਆਪਣੇ ਬਚਪਨ ਨੂੰ ਕਿਉਂ ਯਾਦ ਕਰਦਾ ਹੈ?

ਉੱਤਰ- ਕਵੀ ਨੂੰ ਬਚਪਨ ਵਿੱਚ ਸਾਥੀਆਂ ਨਾਲ ਖੇਡ ਕੇ ਬਹੁਤ ਅਨੰਦ ਆਉਂਦਾ ਸੀ।ਇਸ ਲਈ ਉਹ ਅੱਜ ਵੀ ਬਚਪਨ ਨੂੰ ਯਾਦ ਕਰਦਾ ਹੈ।

ਪ੍ਰਸ਼ਨ 3. ਨਿਮਨ-ਲਿਖਤ ਕਾਵਿ-ਸਤਰਾਂ ਦੀ ਵਿਆਖਿਆ ਕਰੋ:

ਕਦੇ ਪਿੱਠੂ ਦੀ ਖੇਡ ਰਚਾਵਣ,ਗੇਂਦ ਮਾਰ ਕੇ ਪਿੱਠੂ ਢਾਵਣ।
ਅੰਨ੍ਹਾ ਝੋਟਾ ਬਣ-ਬਣ ਭੱਜਣ,ਪੀਚੋ ਖੇਡ ਕੇ ਕਦੇ ਨਾ ਰੱਜਣ।

ਵਿਆਖਿਆ-ਉਪਰੋਕਤ ਸਤਰਾਂ ਦਾ ਭਾਵ ਹੈ ਕਿ ਬੱਚੇ ਕਦੇ ਪਿੱਠੂ ਖੇਡਦੇ ਹਨ ਅਤੇ ਗੇਂਦ ਮਾਰ ਕੇ ਪਿੱਠੂ ਢਾਹ ਦਿੰਦੇ ਹਨ।ਕਦੇ ਉਹ ਅੰਨ੍ਹਾ ਝੋਟਾ ਬਣ ਕੇ ਭੱਜਦੇ ਹਨ ਪਰ ਪੀਚੋ ਖੇਡਦੇ ਉਹ ਕਦੇ ਵੀ ਰੱਜਦੇ ਨਹੀਂ।

ਪ੍ਰਸ਼ਨ 2. ਵਿਦਿਆਰਥੀ ਪੁਸਤਕ ਵਿੱਚੋਂ ਪਾਠ ਪੜ੍ਹ ਕੇ ਕਾਵਿ ਸਤਰਾਂ ਆਪ ਪੂਰੀਆਂ ਕਰਨਗੇ।

ਪ੍ਰਸ਼ਨ 4. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।

ਪ੍ਰਸ਼ਨ 5. ਮਿਲਾਣ ਕਰੋ:

| | |
|---|---|
| ਲੁਕਣ-ਮੀਟੀ | ਢਾਵਣ |
| ਪਿੱਠੂ | ਨੱਸਣ |
| ਭੰਡਾ-ਭੰਡਾਰੀਆ | ਕੁੜੀਆਂ |
| ਰੱਸੀ-ਟੱਪਾ | ਬੋਝ |

ਪ੍ਰਸ਼ਨ 6. ਸਮਾਨਾਰਥੀ ਸ਼ਬਦ ਪਾਠ ਪੁਸਤਕ ਵਿੱਚੋਂ ਪੜ੍ਹੋ,ਸਮਝੋ ਤੇ ਯਾਦ ਕਰੋ।

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700